15ਵੀਂ ਵਿਧਾਨ ਸਭਾ

14ਵਾਂ ਸਮਾਗਮ

# ਪੰਜਾਬ ਵਿਧਾਨ ਸਭਾ ਸਕੱਤਰੇਤ

## ਨੋਟਿਸ

ਜਿਵੇਂ ਕਿ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 28(1) ਅਧੀਨ ਉਪਬੰਧਤ ਹੈ, ਮਾਨਯੋਗ ਸਪੀਕਰ ਸਾਹਿਬ ਨੇ ਪ੍ਰਸੰਨਤਾਪੂਰਵਕ ਹੁਕਮ ਕੀਤੇ ਹਨ ਕਿ ਮੰਗਲਵਾਰ, ਮਿਤੀ 09 ਮਾਰਚ, 2021 ਨੂੰ ਪ੍ਰਸ਼ਨ ਕਾਲ, ਮੁਲਤਵੀ ਕੀਤੇ ਗਏ ਨਿਸ਼ਾਨ ਵਾਲੇ **ਪ੍ਰਸ਼ਨ ਨੰਬਰ 3030, 3038 ਅਤੇ 3147 (02 ਮਾਰਚ, 2021 ਦੀ ਸੂਚੀ ਵਿਚ ਦਰਜ) ਪ੍ਰਸ਼ਨ ਨੰ: 3218, 3292 ਅਤੇ 3266 (08 ਮਾਰਚ, 2021 ਦੀ ਸੂਚੀ ਵਿਚ ਦਰਜ)** ਦੇ ਨਾਲ ਸ਼ੁਰੂ ਹੋਵੇਗਾ ਅਤੇ ਇਸ ਉਪਰੰਤ, ਉਸ ਦਿਨ, ਅਰਥਾਤ 09 ਮਾਰਚ, 2021 ਦੀ ਨਿਸ਼ਾਨ ਵਾਲੇ ਪ੍ਰਸ਼ਨਾਂ ਦੀ ਨਿਯਮਿਤ ਸੂਚੀ ਲਈ ਜਾਵੇਗੀ।

ਮਿਤੀ ਚੰਡੀਗੜ੍ਹ :
08 ਮਾਰਚ, 2021

ਸ਼ਸ਼ੀ ਲਖਨਪਾਲ ਮਿਸ਼ਰਾ
ਸਕੱਤਰ

## ਪੰਜਾਬ ਵਿਧਾਨ ਸਭਾ ਸਕੱਤਰੇਤ

ਨੰ:1-ਕਿਊ.ਬੀ-2021/ 5691 ਮਿਤੀ ਚੰਡੀਗੜ੍ਹ 08 ਮਾਰਚ, 2021

ਕਾਪੀ ਨਿਮਨਲਿਖਤ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ਭੇਜੀ ਜਾਂਦੀ ਹੈ:-

1. ਪੰਜਾਬ ਵਿਧਾਨ ਸਭਾ ਦੇ ਸਮੂਹ ਮੈਂਬਰ ਸਾਹਿਬਾਨ;
2. ਮੁੱਖ ਸਕੱਤਰ, ਪੰਜਾਬ ਸਰਕਾਰ;
3. ਸਮੂਹ ਸਪੈਸ਼ਲ/ਵਧੀਕ ਮੁੱਖ ਸਕੱਤਰ/ਵਿੱਤ ਕਮਿਸ਼ਨਰ/ਪ੍ਰਮੁੱਖ ਸਕੱਤਰ/ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ;
4. ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਸੰਸਦੀ ਮਾਮਲੇ ਵਿਭਾਗ, (ਚਾਰ ਵਾਧੂ ਕਾਪੀਆਂ ਸਮੇਤ)
5. ਸਮੂਹ ਵਿਭਾਗਾਂ ਦੇ ਮੁੱਖੀ, ਪੰਜਾਬ; ਅਤੇ
6. ਮੁੱਖ ਮੰਤਰੀ/ਮੰਤਰੀ/ ਦੇ ਨਿੱਜੀ ਸਕੱਤਰ/ਨਿੱਜੀ ਸਹਾਇਕ।

ਅਧੀਨ ਸਕੱਤਰ।

ਪਰਤੋਂ ਜੀ.....

**15th Vidhan Sabha**
**14th Session**

## PUNJAB VIDHAN SABHA SECRETARIAT

### Notice

As provided under Rule 28(1) of the Rules of Procedure and Conduct of Business in the Punjab Vidhan Sabha (Punjab Legislative Assembly), the Hon'ble Speaker has been pleased to order that Question Hour on Tuesday, 9th March, 2021 will begin with Postponed Starred Question No. 3030, 3038 and 3147 (mentioned in question list dated 02nd March, 2021) Question number 3218, 3292 and 3266 (mentioned in Question list dated 08th March, 2021) and thereafter, the regular list of Starred Questions for that day i.e Tuesday, 9th March, 2021 will be taken up.

**DATED CHANDIGARH:**
**THE 8th MARCH, 2021**

**SHASHI LAKHANPAL MISHRA**
**SECRETARY.**

## PUNJAB VIDHAN SABHA SECRETARIAT

No.1-Q.B-2021/ 5691 Dated Chandigarh, the 08th March, 2021.

Copy forwarded to the following for information:

1. all M.L.As of Punjab Vidhan Sabha ;
2. the Chief Secretary to Government, Punjab;
3. all Special/Additional Chief Secretary/Financial Commissioner/Principal Secretary/Administrative Secretaries to the Government of Punjab;
4. the Principal Secretary to Government, Punjab, Department of Parliamentary Affairs (with four spare copies);
5. all Heads of Departments, Punjab; and
6. Private Secretaries/Personal Assistants to Chief Minister/Ministers.

**UNDER SECRETARY.**

P.T.O

## ਪੰਜਾਬ ਵਿਧਾਨ ਸਭਾ

**ਮੰਗਲਵਾਰ, ਮਿਤੀ 09 ਮਾਰਚ, 2021**
**ਨੂੰ ਹੋਣ ਵਾਲੀ ਪੰਜਾਬ ਵਿਧਾਨ ਸਭਾ ਦੀ ਬੈਠਕ ਵਿੱਚ ਪੁੱਛੇ ਜਾਣ ਵਾਲੇ**
**ਮੁਲਤਵੀ ਕੀਤੇ ਨਿਸ਼ਾਨ ਵਾਲੇ ਪ੍ਰਸ਼ਨ**

------

**ਬੜਿੰਗ ਅਤੇ ਧੰਨੋਵਾਲੀ ਖੇਡ ਸਟੇਡੀਅਮਾਂ ਦਾ ਕੰਮ ਪੂਰਾ ਕਰਨਾ**

*3030. **ਸ਼੍ਰੀ ਰਜਿੰਦਰ ਬੇਰੀ, ਐਮ.ਐਲ.ਏ.** :- ਕੀ ਖੇਡ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਵਿਧਾਨ ਸਭਾ ਹਲਕੇ ਜਲੰਧਰ ਕੇਂਦਰੀ ਵਿੱਚ ਬੜਿੰਗ ਅਤੇ ਧੰਨੋਵਾਲੀ ਖੇਡ ਸਟੇਡੀਅਮਾਂ ਦਾ ਕੰਮ ਅੱਧ ਵਿਚਕਾਰ ਰੁੱਕਿਆ ਪਿਆ ਹੈ; ਜੇਕਰ ਅਜਿਹਾ ਹੋਵੇ ਤਾਂ ਇਨ੍ਹਾਂ ਨੂੰ ਕਦੋਂ ਤੱਕ ਪੂਰਾ ਕਰਨ ਦੀ ਤਜਵੀਜ਼ ਹੈ;

ਅ) ਇਨ੍ਹਾਂ ਕੰਮਾਂ ਵਿੱਚ ਦੇਰੀ ਲਈ ਜ਼ਿੰਮੇਵਾਰ ਅਧਿਕਾਰੀਆਂ ਅਤੇ ਵਿਅਕਤੀਆਂ ਉਤੇ ਕੀ ਕਾਰਵਾਈ ਕੀਤੀ ਜਾ ਰਹੀ ਹੈ?

----

**ਫਿਰੋਜ਼ਸ਼ਾਹ ਮੈਮੋਰੀਅਲ ਦੀ ਸਾਂਭ ਸੰਭਾਲ**

*3038. **ਸ਼੍ਰੀ ਅਵਤਾਰ ਸਿੰਘ ਜੂਨੀਅਰ, ਐਮ.ਐਲ.ਏ.**:- ਕੀ ਸੈਰ ਸਪਾਟਾ ਅਤੇ ਸੱਭਿਆਚਾਰਕ ਮਾਮਲੇ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਸਾਲ 2018-19 ਅਤੇ 2019-20 ਦੇ ਦੌਰਾਨ ਮੁਦਕੀ ਐਂਗਲੋਂ ਸਿੱਖ ਵਾਰ 1845 ਦੀ ਯਾਦ ਵਿੱਚ ਫਿਰੋਜ਼ਪੁਰ ਵਿਖੇ ਉਸਾਰੇ ਗਏ ਫਿਰੋਜ਼ਸ਼ਾਹ ਮੈਮੋਰੀਅਲ ਦੀ ਸਾਂਭ ਸੰਭਾਲ ਅਤੇ ਰੱਖ-ਰੱਖਾਵ ਲਈ ਸਰਕਾਰ ਦੁਆਰਾ ਵੱਖ-ਵੱਖ ਕੁੱਲ ਕਿੰਨੀ ਰਾਸ਼ੀ ਖਰਚ ਕੀਤੀ ਗਈ;

ਅ) ਰਾਜ ਵਿੱਚ ਉਪਰੋਕਤ ਵਰਣਿਤ ਲੜਾਈ ਦੇ ਦੌਰਾਨ ਐਂਗਲੋ ਸਿੱਖਾਂ ਦੁਆਰਾ ਲੜੀਆਂ ਗਈਆਂ ਚਾਰ ਲੜਾਈਆਂ ਦੇ ਇਤਿਹਾਸ ਤੋਂ ਆਮ ਲੋਕਾਂ ਨੂੰ ਜਾਣੂੰ ਕਰਵਾਉਣ ਅਤੇ ਉਤਸ਼ਾਹਿਤ ਕਰਨ ਲਈ ਸਰਕਾਰ ਦੁਆਰਾ ਕੀ ਕਦਮ ਚੁੱਕੇ ਗਏ/ਚੁੱਕੇ ਜਾ ਰਹੇ ਹਨ?

----

**ਅਮਲੋਹ ਵਿਖੇ ਆਈ.ਟੀ.ਆਈ. ਖੋਲ੍ਹਣਾ**

*3147. **ਸਰਦਾਰ ਰਣਦੀਪ ਸਿੰਘ,ਐਮ.ਐਲ.ਏ.**:- ਕੀ ਤਕਨੀਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਸਰਕਾਰ ਦੀ ਅਮਲੋਹ ਵਿੱਖੇ ਆਈ.ਟੀ.ਆਈ ਖੋਲ੍ਹਣ ਦੀ ਕੀ ਤਜਵੀਜ ਹੈ, ਜਿਸ ਬਾਰੇ ਸਾਲ 2019 ਵਿੱਚ ਐਲਾਨ ਕੀਤਾ ਗਿਆ ਸੀ;

ਅ) ਉਕਤ ਆਈ.ਟੀ.ਆਈ ਦੀ ਇਮਾਰਤ ਕਦੋਂ ਤੱਕ ਉਸਾਰ ਦਿੱਤੀ ਜਾਵੇਗੀ, ਜਿਸ ਵਾਸਤੇ ਭਗਵਾਨਪੁਰਾ ਦੀ ਪੰਚਾਇਤ ਵਲੋਂ ਜ਼ਮੀਨ ਦਾ ਇੰਤਕਾਲ ਕੀਤਾ ਜਾ ਚੁੱਕਿਆ ਹੈ;

ੲ) ਉਪਰੋਕਤ ਇਮਾਰਤ ਵਾਸਤੇ ਸਰਕਾਰ ਦੁਆਰਾ ਕੀ ਉਪਬੰਧ ਕੀਤਾ ਗਿਆ/ਕੀਤਾ ਜਾਣਾ ਹੈ?

**ਪਿੰਡ ਹਲਵਾਰਾ ਦਾ ਵਾਟਰ ਵਰਕਸ ਦੁਬਾਰਾ ਚਾਲੂ ਕਰਨਾ**

*3218. **ਸਰਦਾਰ ਜਗਤਾਰ ਸਿੰਘ ਜੱਗਾ, ਐਮ.ਐਲ.ਏ**:- ਕੀ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਰਾਏਕੋਟ ਦੇ ਪਿੰਡ ਹਲਵਾਰਾ ਦਾ ਵਾਟਰ ਵਰਕਸ ਲੰਮੇ ਸਮੇ ਤੋਂ ਬੰਦ ਪਿਆ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਇਸ ਨੂੰ ਮੁੜ੍ਹ ਚਾਲੂ ਕਰਨ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ?

----

**ਪੀ.ਆਈ.ਡੀ.ਬੀ. ਨੂੰ ਨੋਡਲ ਏਜੰਸੀ ਨਿਯੁਕਤ ਕਰਨਾ**

*3292. **ਸ਼੍ਰੀ ਅਮਿਤ ਵਿਜ, ਐਮ.ਐਲ.ਏ.**:-ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪੀ.ਆਈ.ਡੀ.ਬੀ. ਨੂੰ ਕਦੋਂ ਨੋਡਲ ਏਜੰਸੀ ਨਿਯੁਕਤ ਕੀਤਾ ਜਾਵੇਗਾ ਤਾਂ ਜੋ ਉਹ ਤੁਰੰਤ ਸਲਾਹਕਾਰ ਨਿਯੁਕਤ ਕਰ ਸਕਣ ਅਤੇ ਪਠਾਨਕੋਟ ਵਪਾਰਕ ਕੇਂਦਰ ਦੇ ਵਿਕਾਸ ਲਈ ਆਰ.ਐਫ.ਪੀ. ਬਣਾ ਸਕਣ?

----

**ਤਹਿਸੀਲ ਤਪਾ ਵਿਖੇ ਫਾਇਰ ਬ੍ਰਿਗੇਡ ਦੀ ਸੁਵਿਧਾ**

*3266. **ਸਰਦਾਰ ਪਿਰਮਲ ਸਿੰਘ ਧੌਲਾ, ਐਮ.ਐਲ.ਏ.**:- ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਬਰਨਾਲਾ ਜ਼ਿਲ੍ਹੇ ਦੀ ਤਹਿਸੀਲ ਤਪਾ ਵਿੱਚ ਫਾਇਰ ਬ੍ਰਿਗੇਡ ਦੀ ਸੁਵਿਧਾ ਉਪਲਬਧ ਨਹੀਂ ਹੈ; ਜੇਕਰ ਅਜਿਹਾ ਹੈ ਤਾਂ ਤਹਿਸੀਲ ਤਪਾ ਵਿਖੇ ਫਾਇਰ ਬ੍ਰਿਗੇਡ ਕਦੋਂ ਤੱਕ ਉਪਲਬਧ ਕਰਵਾ ਦਿੱਤੀ ਜਾਵੇਗੀ?

ਚੰਡੀਗੜ੍ਹ
ਮਿਤੀ 08 ਮਾਰਚ, 2021

ਸ਼ਸ਼ੀ ਲਖਨਪਾਲ ਮਿਸ਼ਰਾ,
ਸਕੱਤਰ,
ਪੰਜਾਬ ਵਿਧਾਨ ਸਭਾ।